# ਸੰਧੂ ਗਗਨ ਦਾ ਯੁਵਾ ਪੁਰਸਕਾਰ ਨਾਲ ਸਨਮਾਨ

## ਪੁਸਤਕ 'ਪੰਜਤੀਲੇ' ਲਈ ਹੋਈ ਚੋਣ

**ਪੱਤਰ ਪ੍ਰੇਰਕ**

**ਨਵੀਂ ਦਿੱਲੀ, 24 ਅਗਸਤ**

ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਚੰਦਰਸ਼ੇਖਰ ਕੰਬਰ ਦੀ ਪ੍ਰਧਾਨਗੀ ਹੇਠ ਅੱਜ ਨਵੀਂ ਦਿੱਲੀ ਵਿੱਚ ਹੋਈ ਅਕਾਦਮੀ ਦੇ ਕਾਰਜਕਾਰਨੀ ਬੋਰਡ ਦੀ ਮੀਟਿੰਗ ਦੌਰਾਨ ਸਾਹਿਤ ਅਕਾਦਮੀ ਯੁਵਾ ਪੁਰਸਕਾਰ 2022 ਲਈ 23 ਲੇਖਕਾਂ ਨੂੰ ਪ੍ਰਵਾਨਗੀ ਦਿੱਤੀ ਗਈ। ਜਿਊਰੀ ਦੇ ਮੈਂਬਰਾਂ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਯੁਵਾ ਸਾਹਿਤ ਪੁਰਸਕਾਰਾਂ ਦਾ ਐਲਾਨ ਕੀਤਾ ਗਿਆ। ਪੰਜਾਬੀ ਜਿਊਰੀ ਦੇ ਮੈਂਬਰ ਅਮਰਜੀਤ ਗਰੇਵਾਲ, ਡਾ. ਗੁਣਵੰਤ ਕੌਰ ਬਰਾੜ, ਪ੍ਰੋ. ਗੁਰਪ੍ਰੀਤ ਕੌਰ ਗਿੱਲ ਸਨ। ਪੰਜਾਬੀ ਵਿੱਚ ਇਸ ਵਾਰ ਦਾ ਯੁਵਾ ਇਨਾਮ ਕਿਤਾਬ 'ਪੰਜਤੀਲੇ' ਲਈ ਸੰਧੂ ਗਗਨ ਨੂੰ ਦੇਣ ਦਾ ਐਲਾਨ ਕੀਤਾ ਗਿਆ।

ਇਸੇ ਤਰ੍ਹਾਂ ਰਾਜਸਥਾਨੀ ਵਿੱਚ ਆਇਨਾਨ (ਕਾਵਿ-ਸੰਗ੍ਰਹਿ) ਆਸ਼ੀਸ਼ ਪੁਰੋਹਿਤ, ਉਰਦੂ ਵਿੱਚ ਗਿਰਿਆਹ (ਕਵਿਤਾਵਾਂ ਦਾ ਸੰਗ੍ਰਹਿ) ਮਕਸੂਦ ਆਫਾਕ, ਅਸਾਮੀ ਵਿੱਚ ਚੋਕੀ ਅਰੁ ਅਨਨਿਆ (ਕਹਾਣੀ-ਸੰਗ੍ਰਹਿ) ਪ੍ਰਦਿਊਮਨ ਕੁਮਾਰ ਗੋਗੋਈ, ਬੰਗਲਾ ਵਿੱਚ ਕਿਛੂ ਹੋਏ ਨਾ (ਕਾਵਿ ਸੰਗ੍ਰਹਿ) ਸੁਮਨ ਪਟਾਰੀ, ਬੋਡੋ ਵਿੱਚ ਗਾਂ ਫੁਜਨਾਇਆ ਮਾਸੇ ਦਾਉ (ਕਹਾਣੀ-ਸੰਗ੍ਰਹਿ) ਅਲੰਬਰ ਮੁਸਾਹਾਰੀ, ਡੋਗਰੀ ਵਿੱਚ ਕਠਪੁਤਲੀ (ਕਹਾਣੀ-ਸੰਗ੍ਰਹਿ) ਆਸ਼ੂ ਸ਼ਰਮਾ, ਗੁਜਰਾਤੀ ਵਿੱਚ ਰਾਜਾ ਰਵੀ ਵਰਮਾ (ਜੀਵਨੀ) ਭਰਤ ਖੇਨੀ, ਹਿੰਦੀ ਵਿੱਚ ਪ੍ਰਮੇਯ (ਨਾਵਲ) ਭਗਵੰਤ ਅਨਮੋਲ, ਕੰਨੜ ਵਿੱਚ ਨੀਲਾਕੁਰਿੰਜੀ (ਕਹਾਣੀ-ਸੰਗ੍ਰਹਿ) ਦਾਦਾਪੀਰ ਜੈਮਨ, ਕਸ਼ਮੀਰੀ ਵਿੱਚ ਬਰਾਂਡੇ ਬਰਸ ਪੇਠ (ਕਹਾਣੀ-ਸੰਗ੍ਰਹਿ) ਸ਼ਾਇਸਤਾ ਖਾਨ, ਕੋਂਕਣੀ ਵਿੱਚ ਤਾਲੋ (ਨਿਬੰਧ-ਸੰਗ੍ਰਹਿ) ਮਾਈਰਨ ਜੇਸਨ ਬਾਜਜ਼ਟੋ, ਮੈਥਿਲੀ ਵਿੱਚ ਖੁਰਚਨਭਾਈਕ ਕਚਮਾਛੀ (ਵਿਅੰਗ ਸੰਗ੍ਰਹਿ) ਨਵਕ੍ਰਿਸ਼ਨ ਅਹਿਕ ਦਾ ਨਾਂ ਐਲਾਨ ਕੀਤਾ ਗਿਆ ਹੈ। ਇਨਾਮ ਵਿੱਚ ਲੇਖਕਾਂ ਨੂੰ 50,000 ਰੁਪਏ ਤੇ ਇੱਕ ਉੱਕਰੀ ਹੋਈ ਤਾਂਬੇ ਦੀ ਪਲੇਟ ਹੋਣ ਵਾਲੇ ਇੱਕ ਵਿਸ਼ੇਸ਼ ਸਮਾਗਮ ਵਿੱਚ ਦਿੱਤੀ ਜਾਵੇਗੀ। ਮਰਾਠੀ ਭਾਸ਼ਾ ਵਿੱਚ ਪੁਰਸਕਾਰ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ।